**ਨਵੇਂ ਚੁਣੇ ਗਏ 1090 ਪਟਵਾਰੀ ਉਮੀਦਵਾਰਾਂ ਨੂੰ ਜ਼ਿਲਾ ਅਲਾਟਮੈਂਟ ਪੱਤਰ ਵੰਡ ਸਮਾਰੋਹ ਸਬੰਧੀ ਹਦਾਇਤਾਂ।**

1. ਇਸ਼ਤਿਹਾਰ ਵਿਚ ਦਿੱਤੇ ਗਏ ਅੱਠ ਜਿਲੇ (ਸੰਗਰੂਰ, ਮੋਹਾਲੀ, ਰੂਪਨਗਰ, ਫਤਿਹਗੜ੍ਹ ਸਾਹਿਬ, ਪਟਿਆਲਾ, ਮਾਨਸਾ, ਨਵਾਂਸ਼ਹਿਰ ਅਤੇ ਲੁਧਿਆਣਾ ) ਦੇ ਸਬੰਧਤ ਉਮੀਦਵਾਰ ਨੂੰ ਹੀ ਇਸ ਸਮਾਰੋਹ ਵਿਚ ਸ਼ਾਮਿਲ ਹੋਣ ਦੀ ਆਗਿਆ ਹੋਵੇਗੀ।

2. ਪੰਜਾਬ ਮਿਊਸੀਪਲ ਭਵਨ, ਆਡੀਟੋਰੀਅਮ, ਸੈਕਟਰ-35 ਏ, (ਕਿਸਾਨ ਭਵਨ ਦੇ ਨਾਲ) ਚੰਡੀਗੜ੍ਹ ਵਿਖੇ ਮਿਤੀ 06-7-2022 ਨੂੰ, ਦਿਨ ਬੁੱਧਵਾਰ, ਸਮਾਂ 10:00 ਵਜੇ ਸਵੇਰ ਉਮੀਦਵਾਰ ਹਰ ਹਾਲਤ ਵਿਚ ਪੁੱਜਣਾ ਯਕੀਨੀ ਬਣਾਉਣ।

3. ਰਾਜ ਦੇ ਮੌਜੂਦਾ ਹਾਲਾਤ ਅਤੇ ਮਾਣਯੋਗ ਮੁੱਖ ਮੰਤਰੀ ਜੀ ਦੇ ਸੁਰੱਖਿਆ ਪ੍ਰਬੰਧਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀ ਗੱਡੀ ਦੀ ਪਾਰਕਿੰਗ ਸਮਾਰੋਹ ਵਾਲੇ ਸਥਾਨ ਤੋਂ ਕੁਝ ਦੂਰੀ ਦੇ ਫਾਸਲੇ ਤੇ ਲਗਾ ਕੇ ਆਉਣ। ਇਸਦੇ ਨਾਲ ਹੀ ਉਮੀਦਵਾਰਾਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੀ ਗੱਡੀਆਂ ਦੀ ਪਾਰਕਿੰਗ ਲਈ ਖੁਦ ਜਿੰਮੇਵਾਰ ਹੋਣਗੇ। ਭਵਨ ਦੇ ਅੰਦਰ ਕੋਈ ਪ੍ਰਾਈਵੇਟ ਗੱਡੀ ਨਹੀਂ ਜਾ ਸਕੇਗੀ ਨਾ ਹੀ ਸਾਹਮਣੇ ਸੜਕ ਤੇ ਖੜੀ ਕੀਤੀ ਜਾ ਸਕੇਗੀ।

4. ਸਬੰਧਤ ਉਮੀਦਵਾਰ ਆਪਣੇ ਨਾਲ ਫੋਟੋ ਵਾਲਾ ਅਸਲ ਪਹਿਚਾਣ ਪੱਤਰ ਜਿਵੇਂ ਕਿ ਆਧਾਰ ਕਾਰਡ, ਪੈਨ ਕਾਰਡ, ਲਾਇਸੰਸ ਆਦਿ) ਨਾਲ ਲੈ ਕੇ ਆਉਣ। ਪਹਿਚਾਣ ਪੱਤਰ ਤੋਂ ਬਿਨ੍ਹਾਂ ਹਾਲ ਅੰਦਰ ਦਾਖਲਾ ਨਹੀਂ ਹੋਵੇਗਾ।

5. ਮਿਉਸੀਪਲ ਭਵਨ ਅੰਦਰ ਸਿਰਫ ਉਮੀਦਵਾਰ ਹੀ ਦਾਖਲ ਹੋ ਸਕਦਾ ਹੈ, ਨਾਲ ਆਏ ਸਾਥੀ ਜਾਂ ਗਾਰਡੀਅਨ/ਰਿਸ਼ਤੇਦਾਰ ਬਾਹਰ ਹੀ ਰੁਕਣਗੇ।

6. ਇਸ ਸਮਾਰੋਹ ਵਿਚ ਸ਼ਾਮਿਲ ਹੋਣ ਲਈ ਉਮੀਦਵਾਰ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਟੀ.ਏ/ਡੀ.ਏ. ਨਹੀਂ ਦਿੱਤਾ ਜਾਵੇਗਾ।

7. ਕਿਸੇ ਵੀ ਤਰ੍ਹਾਂ ਦੀ ਹੋਰ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 98554-24683, 81463-88455 ਅਤੇ 70095-39579 ਤੇ ਸੰਪਰਕ ਕੀਤਾ ਜਾ ਸਕਦਾ ਹੈ।

Kgll